# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ,ਬਲਾਕ ਈ,ਛੇਵੀਂ ਮੰਜ਼ਿਲ, ਫੇਜ਼-8, ਮੋਹਾਲੀ,
ਈ-ਮੇਲ: directorscert@punjabeducation.gov.in,ਫੋਨ ਨੰਬਰ:0172-2212


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਤੇ (ਐ.ਸਿ.)
ਸਮੂਹ ਸਕੂਲ ਮੁਖੀ (PM Shri Schools)
ਪੰਜਾਬ।

ਮੀਮੋ ਨੰ: e- 800585 / SCERT/Teacher Training/2024/315082
ਮਿਤੀ: 09.12.2024

ਵਿਸ਼ਾ : ਸੈਸ਼ਨ 2024-2025 ਦੌਰਾਨ ਰਾਜ ਦੇ PM Shri scheme ਅਧੀਨ Curriculum, Pedagogy and assessment ਦੇ Sub component Teacher Resource Material (TRM) ਗਤੀਵਿਧੀ ਕਰਵਾਉਣ ਲਈ ਹਦਾਇਤਾਂ ਸੰਬੰਧੀ।

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਾਲ 2024-2025 ਲਈ PM Shri Schools ਲਈ PAB of PM Shri Scheme ਦੇ ਅਨੁਸਾਰ Teacher Resource Material (TRM) ਗਤੀਵਿਧੀ ਦੇ ਅੰਤਰਗਤ 19.143 ਲੱਖ ਰੁਪਏ ਦੀ ਰਾਸ਼ੀ ਪ੍ਰਵਾਨ ਹੋਈ ਹੈ।

3.0 ਇਹ ਗਤੀਵਿਧੀ ਅਧਿਆਪਕਾਂ ਵਿੱਚ ਨਵੀਨਤਾਕਾਰੀ, ਸਿੱਖਿਆ ਸੰਬੰਧੀ ਹੁਨਰਾਂ ਦਾ ਵਿਕਾਸ, ਵਿਦਿਆਰਥੀਆਂ ਲਈ ਬਿਹਤਰ ਸਿੱਖਣ ਦਾ ਤਜਰਬਾ, ਸਕੂਲ ਪ੍ਰਬੰਧਨ ਸਮੱਸਿਆਵਾਂ ਦੇ ਰਚਨਾਤਮਕ ਹੱਲ, ਸਕੂਲੀ ਅਨੁਸ਼ਾਸਨ ਨੂੰ ਕਾਇਮ ਰੱਖਣਾ, ਸਰਕਾਰੀ ਸਕੂਲਾਂ ਵਿੱਚ ਬਿਹਤਰ ਸਿੱਖਿਆ ਦਾ ਵਿਕਾਸ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਲਈ ਈ-ਸਮੱਗਰੀ ਦੀ ਸਿਰਜਣਾ ਵਿੱਚ ਮਦਦਗਾਰ ਹੋਵੇਗੀ।

4.0 ਉਕਤ ਗਤੀਵਿਧੀ ਅਧੀਨ 233 PM Shri Schools ਦੇ ਅਧਿਆਪਕਾਂ(6381) ਲਈ 300ਰੁ/- ਪ੍ਰਤੀ ਅਧਿਆਪਕ PAB 2024-2025 PM Shri Scheme ਦੇ ਅਨੁਸਾਰ ਅਪਰੂਵ ਹੋਏ ਹਨ। ਉਕਤ ਗਤੀਵਿਧੀ ਦੇ ਸੰਚਾਲਨ ਲਈ ਰਾਸ਼ੀ ਜਲਦ ਹੀ ਜਾਰੀ ਕਰ ਦਿੱਤੀ ਜਾਵੇਗੀ।

5.0 ਉਕਤ ਗਤੀਵਿਧੀ ਅਧੀਨ ਸਕੂਲ ਮੁਖੀ ਹੇਠ ਲਿਖੇ ਸੁਝਾਵਾਂ ਅਨੁਸਾਰ ਫੰਡਜ਼ ਦੀ ਵਰਤੋਂ ਕਰ ਸਕਦੇ ਹਨ:

- ਸਕੂਲ ਦੇ ਅਧਿਆਪਕਾਂ ਦੁਆਰਾ ਬਿਨਾਂ ਖਰਚੇ ਦੀ ਤਿਆਰੀ, ਘੱਟ ਲਾਗਤ, Do it yourself (DIY) ਕਿਸਮ ਦੇ TLM ਬਣਾਏ ਜਾ ਸਕਦੇ ਹਨ।
- ਅਧਿਆਪਕ ਸਰੋਤ ਸਮੱਗਰੀ ਨੂੰ ਸਕੂਲ ਦੀਆਂ ਲਾਇਬ੍ਰੇਰੀਆਂ ਵਿੱਚ ਉਪਲਬਧ ਕਰਵਾਇਆ ਜਾ ਸਕਦਾ ਹੈ ਅਤੇ ਜਦੋਂ ਵੀ ਲੋੜ ਹੋਵੇ ਤਾਂ ਇਹਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।
- ਅਧਿਆਪਨ ਸਮੱਗਰੀ ਦੀ ਗੁਣਵੱਤਾ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ ਅਤੇ ਉਹਨਾਂ ਨੂੰ ਨਿਰੰਤਰ ਅੰਤਰਾਲਾਂ 'ਤੇ ਅਪਗ੍ਰੇਡ ਕੀਤਾ ਜਾ ਸਕਦਾ ਹੈ।
- ਸਕੂਲ ਵਿੱਚ ਹਰ ਅਧਿਆਪਕ ਇਹਨਾਂ ਸਰੋਤ ਸਮੱਗਰੀਆਂ ਦੀ ਵਰਤੋਂ, ਸਿੱਖਣ ਦੇ ਨਤੀਜਿਆਂ ਅਤੇ ਗ੍ਰੇਡ ਪੱਧਰ ਦੀਆਂ ਯੋਗਤਾਵਾਂ ਨਾਲ ਆਪਣੇ ਨਵੀਨਤਾਕਾਰੀ ਸਿੱਖਿਆ ਸ਼ਾਸਤਰਾਂ ਨੂੰ ਇਕਸਾਰ ਕਰਨ ਲਈ ਕਰ ਸਕਦਾ ਹੈ।
- ਅਧਿਆਪਨ ਸਰੋਤ ਸਮੱਗਰੀ ਬਣਾਉਣ ਵਿੱਚ DIET ਸੰਸਥਾਵਾਂ ਨਾਲ ਸਹਿਯੋਗ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।
- ਸਕੂਲ ਵਿੱਚ ਵਿਦਿਆਰਥੀ ਦੁਆਰਾ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਅਧਿਆਪਕ ਸਰੋਤਾਂ ਜਿਵੇਂ ਕਿ ਮੈਨੂਅਲ, ਹੈਂਡਬੁੱਕ ਆਦਿ ਹੈਂਡਬੁੱਕ ਬਣਾਉਣ ਲਈ ਸੈਮੀਨਾਰ ਜਾਂ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾ ਸਕਦਾ ਹੈ।

6.0 ਲੜੀ ਨੰਬਰ 5.0 'ਤੇ ਉਪਰੋਕਤ ਜਿਕਰ ਕੀਤੀਆਂ ਗਤੀਵਿਧੀਆਂ ਸੁਝਾਵਿਤ ਹਨ, ਸਕੂਲ ਆਪਣੇ ਸੰਦਰਭ ਜਾਂ ਖਾਸ ਲੋੜਾਂ ਦੇ ਅਧਾਰ 'ਤੇ ਹੋਰ ਗਤੀਵਿਧੀਆਂ ਨੂੰ ਡਿਜ਼ਾਈਨ/ਯੋਜਨਾ ਬਣਾ ਸਕਦੇ ਹਨ।

7.0 Best Practices ਜਾਂ ਸਮੱਗਰੀ ਨੂੰ SCERT ਨਾਲ ਸਾਂਝਾ ਕੀਤਾ ਜਾ ਸਕਦਾ ਹੈ ਤਾਂ ਜੋ ਦੂਜੇ ਸਕੂਲਾਂ ਨੂੰ ਵੀ ਉਹਨਾਂ ਤੋਂ ਲਾਭ ਮਿਲ ਸਕੇ।

8.0 ਸਕੂਲ ਮੁਖੀ ਉਪਰੋਕਤ ਫੰਡ ਦੀ ਵਰਤੋਂ ਦੌਰਾਨ ਕਰਵਾਈਆਂ ਗਈਆਂ ਗਤੀਵਿਧੀਆਂ ਦੀ ਫੋਟੋਗ੍ਰਾਫਾਂ ਸਮੇਤ ਇੱਕ ਰਿਪੋਰਟ ਤਿਆਰ ਕਰਨਗੇ।

9.0 ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ ) ਉਕਤ ਫੰਡ ਦੀ ਵਰਤੋਂ ਉਪਰੰਤ ਆਪਣੇ ਜ਼ਿਲ੍ਹੇ ਦੇ ਸਾਰੇ PM Shri School ਦੀ ਰਿਪੋਰਟ Compile ਕਰਕੇ ਫਾਈਨਲ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਦੀ ਈ-ਮੇਲ ਆਈ.ਡੀ. pmshree2024@gmail.com ਵਿਖੇ ਮਿਤੀ 31.03.2025 ਤਕ ਭੇਜਣਾ ਯਕੀਨੀ ਬਣਾਉਣਗੇ।

10.0 ਉਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

ਅਮਨਿੰਦਰ ਕੌਰ,ਪੀ.ਸੀ.ਐਸ.
ਡਾਇਰੈਕਟਰ,ਐਸ.ਸੀ.ਈ.ਆਰ.ਟੀ,
ਪੰਜਾਬ।

ਪਿਠ ਅੰਕਣ ਨੰ: e- 800585 / SCERT/Teacher Training/2024/ਉਕਤ
ਮਿਤੀ:09.12.2024

ਇਸ ਦਾ ਉਤਾਰਾ ਸੰਬੰਧਤਾਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.) ਅਤੇ (ਐ.ਸਿ.),ਪੰਜਾਬ।

ਡਾ. ਅਮਨਦੀਪ ਕੌਰ,
ਸਹਾਇਕ ਡਾਇਰੈਕਟਰ (AQT)
ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ/ਸਿ) ਪਟਿਆਲਾ
ਪਿੱਠ ਅੰਕਣ ਨੰ ਸ-1/2025/4119 ਮਿਤੀ 03/02/2025
[illegible]

03/02/25

ਜ਼ਿਲ੍ਹਾ ਸਿੱਖਿਆ ਅਫਸਰ (ਸੈ/ਸਿ) ਪਟਿਆਲਾ
P.I.C.
03/02/2025